## ਉਦਯੋਗਿਕ ਸਰਪ੍ਰਸਤ ਬਣੋ!

ਸਾਰੇ ਉਦਯੋਗਿਕ ਸਰਪ੍ਰਸਤਾਂ ਨੂੰ ਇਹ ਹੱਕ ਹੈ ਕਿ www.biaph.com 'ਤੇ ਉਹਨਾਂ ਦਾ ਲੋਗੋ ਉਹਨਾਂ ਦੇ ਹੋਮ ਪੇਜ ਨੂੰ ਲਿੰਕ ਦੇ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ*। ਉਦਯੋਗਿਕ ਸਰਪ੍ਰਸਤਾਂ ਨੂੰ ਹੁਣ ਉਹਨਾਂ ਦੇ ਸਰਪ੍ਰਸਤੀ ਇਕਰਾਰਨਾਮਿਆਂ ਦੇ ਹਿੱਸੇ ਵਜੋਂ ਹੇਠਾਂ ਦਿੱਤੇ ਅਨੁਸਾਰ ਮੁਫ਼ਤ ਵਿਅਕਤੀਗਤ (ਦੂਹਰੀਆਂ) ਮੈਂਬਰੀਆਂ ਮਿਲਣਗੀਆਂ:

ਬਰੌਨਜ਼ ਸਰਪ੍ਰਸਤ >$250.00
= 1 ਵਿਅਕਤੀਗਤ ਮੈਂਬਰੀ**

ਸਿਲਵਰ ਸਰਪ੍ਰਸਤ >$1,000.00
= 2 ਵਿਅਕਤੀਗਤ ਮੈਂਬਰੀਆਂ

ਗੋਲਡ ਸਰਪ੍ਰਸਤ >$2,500.00
= 4 ਵਿਅਕਤੀਗਤ ਮੈਂਬਰੀਆਂ

ਪਲਾਟੀਨਮ ਸਰਪ੍ਰਸਤ >$5,000.00
= 6 ਵਿਅਕਤੀਗਤ ਮੈਂਬਰੀਆਂ

ਬਾਕਾਇਦਾ ਸਰਪ੍ਰਸਤ
ਉਦਯੋਗਿਕ/ਵਿਅਕਤੀਗਤ <$250.00

ਕਿਰਪਾ ਕਰਕੇ ਚੈੱਕ B.I.A.P.H. ਨੂੰ ਉਪਲਬਧ ਕਰਾਓ। (ਪਤਾ ਪਿਛਲੇ ਪਾਸੇ ਲਿਖਿਆ ਹੈ) ਜਾਂ ਫਿਰ ਇਹਨਾਂ ਦੀ ਵਰਤੋਂ ਕਰਕੇ ਅਦਾਇਗੀ ਕਰੋ :

**___ਵੀਜ਼ਾ; ___ ਮਾਸਟਰਕਾਰਡ; ___ ਅਮੈਕਸ**

**ਕਾਰਡ ਨੰਬਰ:** ____________________

**ਮਿਆਦ ਖਤਮ ਹੋਣ ਦੀ ਤਾਰੀਖ਼:** ____ /____ ਮਹੀਨਾ/ਸਾਲ)

*ਦਾਨ ਦੀ ਰਕਮ* $ ____________________

**ਨਾਮ:** ____________________

**ਪਤਾ:** ____________________

**ਸ਼ਹਿਰ:** ____________________

**ਪੋਸਟਲ ਕੋਡ:** ____________________

**ਈਮੇਲ:** ____________________

*ਸਾਰੇ ਸਰਪ੍ਰਸਤਾਂ ਨੂੰ ਇੱਕ ਟੈਕਸ ਰਸੀਦ ਮਿਲੇਗੀ।*

** ਕਿਰਪਾ ਕਰਕੇ ਤੁਹਾਡੇ ਲੋਗੋ ਦਾ ਇੱਕ ਚਿਤਰ ਜਾਂ ਫਾਈਲ ਅਤੇ ਇੱਕ ਸੰਖੇਪ ਉਦਯੋਗਿਕ ਸੁਨੇਹਾ ਪ੍ਰਦਾਨ ਕਰੋ।*

*** ਮੁਫ਼ਤ ਮੈਂਬਰੀਆਂ ਲਾਜ਼ਮੀ ਤੌਰ 'ਤੇ ਮਨੋਨੀਤ ਵਿਅਕਤੀਆਂ ਨੂੰ ਹੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਪੇਸ਼ੇਵਰਾਨਾ ਮੈਂਬਰੀ ਦੀਆਂ ਫ਼ੀਸਾਂ ਨੂੰ ਹੁਣ ਹਟਾ ਦਿੱਤਾ ਗਿਆ ਹੈ। ਕਿਰਪਾ ਕਰਕੇ ਸਾਰੇ ਉਦਯੋਗਿਕ ਦਾਨਾਂ ਨੂੰ ਸਿੱਧੇ B.I.A.P.H. ਨੂੰ ਦਾਨ ਕਰੋ।*

## ਦਿਮਾਗੀ ਸੱਟ ਕਸ਼ਟ ਦਿੰਦੀ ਹੈ ..... ਹਮੇਸ਼ਾ ਵਾਸਤੇ

### ਪੀਅਰ ਸਪੋਰਟ ਮੈਂਟਰਿੰਗ ਪ੍ਰੋਗਰਾਮ

OBIA ਦੇ ਨਾਲ ਭਾਈਵਾਲੀ ਵਿੱਚ, ਇਹ ਪ੍ਰੋਗਰਾਮ ABI ਦੇ ਪ੍ਰਭਾਵਾਂ ਨਾਲ ਜੀਵਨ ਬਸਰ ਕਰ ਰਹੇ ਵਿਅਕਤੀ ਵਿਸ਼ੇਸ਼ਾਂ ਨੂੰ ਕਿਸੇ ਅਜਿਹੇ ਸਾਥੀ ਨਾਲ ਜੋੜਦਾ ਹੈ ਜੋ ਬਿੱਲਕੁੱਲ ਇਹੋ ਜਿਹੀ ABI ਨਾਲ ਸਬੰਧਿਤ ਸਥਿਤੀ ਨਾਲ ਨਿਪਟਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਜਿਸਨੂੰ ਕਿਸੇ ਆਪਣੇ ਵਰਗੇ ਸਾਥੀ ਤੋਂ ਸਹਾਇਤਾ ਦੀ ਲੋੜ ਹੈ। ਇਹ ਪ੍ਰੋਗਰਾਮ ਜਿੰਦਾ ਬਚ ਜਾਣ ਵਾਲਿਆਂ, ਪਰਿਵਾਰਕ ਮੈਂਬਰਾਂ ਜਾਂ ਬਿਨਾਂ ਤਨਖਾਹ ਲਏ ਸੰਭਾਲ ਪ੍ਰਦਾਨ ਕਰਨ ਵਾਲਿਆਂ ਵਾਸਤੇ ਉਪਲਬਧ ਹੈ।

ਮੁਰਸ਼ਦ/ਸਾਥੀ ਦੇ ਸੁਮੇਲ ਇੱਕੋ ਜਿਹੇ ਤਜਰਬਿਆਂ, ਵਿਅਕਤੀਗਤ ਹਾਲਤਾਂ ਅਤੇ ਨਿੱਜੀ ਦਿਲਚਸਪੀ 'ਤੇ ਆਧਾਰਿਤ ਹੁੰਦੇ ਹਨ। ਪ੍ਰੋਗਰਾਮ ਦੀ ਪੇਸ਼ਕਸ਼ ਸਾਰੇ ਓਨਟਾਰੀਓ (Ontario) ਵਿੱਚ ਸਥਾਨਕ ਦਿਮਾਗੀ ਸੱਟ ਸਬੰਧੀ ਸੰਸਥਾਵਾਂ (ਜਿਵੇਂ ਕਿ B.I.A.P.H.) ਰਾਹੀਂ ਕੀਤੀ ਜਾਂਦੀ ਹੈ ਜੋ ਲੋਕਾਂ ਨੂੰ ਜਿੱਥੇ ਵੀ ਉਹ ਰਹਿੰਦੇ ਹੋਣ, ਭਾਗ ਲੈਣਾ ਸੰਭਵ ਬਣਾਉਂਦਾ ਹੈ ।

*ਇੱਕ ਮੁਰਸ਼ਦ (MENTOR) ਵਜੋਂ ਤੁਸੀਂ ਆਪਣੇ ਤਜਰਬਿਆਂ ਨੂੰ ਸਾਂਝੇ ਕਰਨ ਦੁਆਰਾ ਮਦਦ ਕਰ ਸਕਦੇ ਹੋ।*

ਮੁਰਸ਼ਦ ਸਹਾਇਤਾ ਪ੍ਰਦਾਨ ਕਰਦੇ ਹਨ ਅਤੇ ਉਹਨਾਂ ਸਾਥੀਆਂ ਨਾਲ ਜਾਣਕਾਰੀ ਅਤੇ ਸਰੋਤ ਸਾਂਝੇ ਕਰਦੇ ਹਨ ਜੋ ਉਹਨਾਂ ਵਰਗੀ ABI ਨਾਲ ਸਬੰਧਿਤ ਸਥਿਤੀ ਨਾਲ ਨਿਪਟ ਰਹੇ ਹੋਣ। ਮੁਰਸ਼ਦਗਿਰੀ ਨਵੀਆਂ ਮੁਹਾਰਤਾਂ ਸਿੱਖਦੇ ਹੋਏ ਅਤੇ ਨਵੀਆਂ ਜਾਣ-ਪਛਾਣਾਂ ਕਰਦੇ ਹੋਏ, ਹੋਰਨਾਂ ਦੇ ਮੁੜ-ਸਿਹਤਯਾਬ ਹੋਣ ਦੇ ਦੌਰ ਦੌਰਾਨ, ਉਹਨਾਂ ਦੀ ਮਦਦ ਕਰਨ ਲਈ ਇੱਕ ਸ਼ਾਨਦਾਰ ਮੌਕੇ ਦੀ ਪੇਸ਼ਕਸ਼ ਕਰਦੀ ਹੈ। ਕਿਸੇ ਸਾਥੀ ਨਾਲ ਮੇਲ ਕਰਾਏ ਜਾਣ ਤੋਂ ਪਹਿਲਾਂ ਸਾਰੇ ਮੁਰਸ਼ਦਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।

*ਇੱਕ ਸਾਥੀ (PARTNER) ਦੇ ਤੌਰ 'ਤੁਸੀਂ ਕਿਸੇ ਅਜਿਹੇ ਵਿਅਕਤੀ ਤੋਂ ਸਿੱਖ ਸਕਦੇ ਹੋ ਜੋ ਏਥੇ ਰਹਿ ਚੁੱਕਾ ਹੈ।*

ਮੁੜ-ਸਿਹਤਯਾਬ ਹੋਣ ਦੀ ਰਾਹ 'ਤੇ ਹਰ ਕਦਮ 'ਤੇ ਮਦਦ ਉਪਲਬਧ ਹੈ। ਚਾਹੇ ਤੁਸੀਂ ਕੋਈ ਬਚੇ ਰਹਿ ਗਏ ਵਿਅਕਤੀ ਹੋ ਜਾਂ ਕੋਈ ਪਰਿਵਾਰ ਦੇ ਮੈਂਬਰ ਹੋ, ਸੱਟ ਦੇ ਬਾਅਦ ਕਿਸੇ ਵੀ ਸਮੇਂ ਤੁਹਾਡਾ ਮੇਲ ਕਿਸੇ ਮੁਰਸ਼ਦ ਨਾਲ ਕਰਾਇਆ ਜਾ ਸਕਦਾ ਹੈ। ਤੁਹਾਡਾ ਮੁਰਸ਼ਦ ਉਹਨਾਂ ਸਥਿਤੀਆਂ ਵਿੱਚ ਵੀ ਮਦਦ ਕਰ ਸਕਦਾ ਹੈ ਜੋ ਸੱਟ ਲੱਗਣ ਦੇ ਕਈ ਸਾਲਾਂ ਬਾਅਦ ਖੜ੍ਹੀਆਂ ਹੋ ਸਕਦੀਆਂ ਹਨ।

ਓਨਟਾਰੀਓ ਨਿਊਰੋਟਰਾਊਮਾ ਫਾਊਂਡੇਸ਼ਨ ਇਸ ਪ੍ਰੋਗਰਾਮ ਨੂੰ ਵਿਕਸਤ ਕਰਨ ਅਤੇ ਪ੍ਰੋਗਰਾਮ ਦੀ ਨਿਗਰਾਨੀ ਅਤੇ ਇਸਦੇ ਮੁਲਾਂਕਣ ਵਾਸਤੇ ਸਥਾਪਤ ਕੀਤੀ ਗਈ ਹੈ।

ਪ੍ਰੋਗਰਾਮ ਦੇ ਵਿਕਾਸ ਦੇ ਸਰਪ੍ਰਸਤਾਂ (ਗਲੱਕਸਟੀਨ ਐਂਡ ਐਸੋ. , ਹੈਂਡਰਸਨ ਸਟਰੱਕਚਰਡ ਸੈਟਲਮੈਂਟਸ ਅਤੇ ਸਿਬਲੇ ਐਂਡ ਐਸੋ.) ਦੀ ਦਿਆਲੂ ਸਹਾਇਤਾ ਰਾਹੀਂ ਸਿਖਲਾਈ ਸਮੱਗਰੀਆਂ ਦਾ ਵਿਕਾਸ ਕੀਤਾ ਗਿਆ ਹੈ।

*ਭਾਗ ਲੈਣ ਵਾਸਤੇ B.I.A.P.H. ਦੇ ਨਾਲ ਸੰਪਰਕ ਕਰੋ*

## B.I.A.P.H. ਨੂੰ ਤੁਹਾਡੀ ਲੋੜ ਹੈ !

ਸਵੈਸੇਵੀ ਪ੍ਰੋਗਰਾਮ (the Volunteer Program) ਲੋਕਾਂ ਵਾਸਤੇ ਸਾਡੀ ਸੰਸਥਾ ਵਿੱਚ ਬੋਰਡ ਆਫ਼ ਡਾਇਰੈਕਟਰਜ਼, ਸੰਸਥਾ ਦੀਆਂ ਉਪ ਕਮੇਟੀਆਂ, ਸਮਾਗਮ ਕਮੇਟੀ, ਦਫ਼ਤਰ ਵਿੱਚ ਸਹਾਇਤਾ ਅਤੇ ਹੋਰ ਚੀਜ਼ਾਂ ਰਾਹੀਂ ਸੰਮਿਲਤ ਹੋਣ ਦਾ ਮੌਕਾ ਹੈ। ਵਧੇਰੇ ਜਾਣਕਾਰੀ ਵਾਸਤੇ ਕਿਰਪਾ ਕਰਕੇ B.I.A.P.H. ਦੇ ਦਫ਼ਤਰ ਨਾਲ ਸੰਪਰਕ ਕਰੋ।

ਜੇ ਤੁਹਾਡੇ ਕੋਈ ਅਗਲੇਰੇ ਸਵਾਲ ਹਨ ਜਾਂ ਜੇ ਤੁਸੀਂ ਇਸ ਬਾਰੇ B.I.A.P.H. ਦੇ ਨਾਲ ਸੰਪਰਕ ਕਰਨਾ ਚਾਹੁੰਦੇ ਹੋ ਕਿ ਤੁਹਾਡੇ ਭਾਈਚਾਰੇ ਵਿੱਚ ਫ਼ਰਕ ਲਿਆਉਣ ਵਾਸਤੇ ਤੁਸੀਂ ਕਿਸ ਤਰ੍ਹਾਂ ਮਦਦ ਕਰ ਸਕਦੇ ਹੋ ਤਾਂ ਕਿਰਪਾ ਕਰਕੇ ਅੱਜ ਹੀ ਕਾਲ ਕਰੋ!

**905-823-2221**

•

**1-800-565-8594**

ਈਮੇਲ: biaph@biaph.com

ਫ਼ੈਕਸ: 905-823-9960

2155 Leanne Blvd., Ste. 240,
Mississauga, ON L5K 2K8

*ਦਾਨੀ ਕਾਰੋਬਾਰ ਨੰਬਰ:*

136609450RR0001

*ਅਨੁਵਾਦ ਅਤੇ ਛਪਾਈ ਦਾ ਦਿਆਲੂ ਦਾਨ ਇਹਨਾਂ ਵੱਲੋਂ ਕੀਤਾ ਗਿਆ :*

CARRANZA
BARRISTERS & SOLICITORS

BRAIN INJURY LAWYERS

www.carranza.on.ca

PUNJABI

# BIAPH

Brain Injury Association of Peel and Halton



# ਅਕੁਆਇਰਡ ਬਰੇਨ ਇਨਜੁਰੀ (ABI) ਦੇ ਸ਼ਿਕਾਰ ਜਿੰਦਾ ਬਚ ਜਾਣ ਵਾਲਿਆਂ, ਉਹਨਾਂ ਦੇ ਪਰਿਵਾਰਾਂ, ਵਕੀਲਾਂ ਅਤੇ ਸੰਭਾਲ ਕਰਤਾਵਾਂ ਵਾਸਤੇ ਇੱਕ ਭਾਈਚਾਰਕ ਸਰੋਤ

*B.I.A.P.H. ਓਨਟਾਰੀਓ ਬਰੇਨ ਇਨਜੁਰੀ ਐਸੋਸੀਏਸ਼ਨ (OBIA) ਦੇ ਨਾਲ ਜੁੜੀ ਹੋਈ ਹੈ*

www.biaph.com

## B.I.A.P.H. ਬਾਰੇ:

B.I.A.P.H. ABI, ਦੇ ਸ਼ਿਕਾਰ ਜਿੰਦਾ ਬਚ ਜਾਣ ਵਾਲਿਆਂ, ਉਹਨਾਂ ਦੇ ਪਰਿਵਾਰਾਂ, ਅਤੇ ਸਹਾਇਤਾ ਨੈੱਟਵਰਕ ਨੂੰ ਸਹਿਯੋਗ ਅਤੇ ਜਾਣਕਾਰੀ ਦੀ ਪੇਸ਼ਕਸ਼ ਕਰਦੀ ਹੈ।

ਅਸੀਂ ਪੇਸ਼ੇਵਰਾਂ ਅਤੇ ਸੰਭਾਲ ਕਰਨ ਵਾਲੇ ਸਵੈਸੇਵੀਆਂ ਦਾ ਇੱਕ ਭਾਈਚਾਰਕ ਗਰੁੱਪ ਹਾਂ ਜੋ ਹੇਠ ਲਿਖਿਆਂ ਵਿੱਚ ਮਦਦ ਕਰਦਾ ਹੈ:

- ਪ੍ਰਾਪਤ ਕੀਤੀ ਦਿਮਾਗੀ ਸੱਟ (ABI) ਦੀ ਰੋਕਥਾਮ ਨੂੰ ਉਤਸ਼ਾਹਿਤ ਕਰਨਾ।
- ਸੰਭਾਲ/ਜੀਵਨ ਦੀ ਗੁਣਵਤਾ ਵਿੱਚ ਸੁਧਾਰ ਕਰਨਾ।
- ਭਾਈਚਾਰਕ ਸਿੱਖਿਆ ਪ੍ਰਦਾਨ ਕਰਨਾ।
- ਸਾਡੇ ਮੈਂਬਰਾਂ ਵਾਸਤੇ ਸਰੋਤਾਂ ਦੀ ਖੋਜ ਕਰਨਾ।

## B.I.A.P.H. ਇਹ ਪ੍ਰਦਾਨ ਕਰਦੀ ਹੈ:

- ਪ੍ਰਾਪਤ ਕੀਤੀ ਦਿਮਾਗੀ ਸੱਟ ਦੇ ਸ਼ਿਕਾਰ ਵਿਅਕਤੀ ਵਿਸ਼ੇਸ਼ਾਂ, ਉਹਨਾਂ ਦੇ ਪਰਿਵਾਰਾਂ, ਹੋਰ ਸਹਾਇਤਾ ਸੇਵਾ ਕਾਰਕੁਨਾਂ ਅਤੇ ਪੇਸ਼ੇਵਰਾਂ ਵਿਚਕਾਰ ਸਿੱਖਿਆ ਭਰਪੂਰ ਅਤੇ ਸਹਾਇਤਾਕਾਰੀ ਬੈਠਕਾਂ
- ਦਿਮਾਗੀ ਸੱਟ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਸਮਾਜਕ ਅਤੇ ਮਨੋਰੰਜਕ ਕਿਰਿਆਵਾਂ।
- ਫੰਡ ਇਕੱਠਾ ਕਰਨ ਦੇ ਸਮਾਗਮਾਂ ਰਾਹੀਂ, ਉਦਯੋਗਾਂ ਤੋਂ ਫੰਡ ਇਕੱਠੇ ਕਰਨ ਰਾਹੀਂ ਅਤੇ ਮੈਂਬਰੀ ਦੇ ਬਕਾਏ ਰਾਹੀਂ ਰਾਹਤ ਸੰਭਾਲ ਵਾਸਤੇ ਵਿੱਤੀ ਸਹਾਇਤਾ।

## B.I.A.P.H. ਇਹਨਾਂ ਚੀਜ਼ਾਂ ਵਾਸਤੇ ਅਣਥੱਕ ਕੋਸ਼ਿਸ਼ ਕਰਦੀ ਹੈ:

- ਹੋਰਨਾਂ ਗੈਰ-ਮੁਨਾਫਾ ਗਰੁੱਪਾਂ ਅਤੇ ਸੇਵਾ ਪ੍ਰਦਾਨਕਾਂ ਦੇ ਨਾਲ ਸੰਬੰਧ ਬਣਾਉਣਾ ਅਤੇ ਬਣਾਈ ਰੱਖਣਾ।
- ਦਿਮਾਗੀ ਸੱਟ ਅਤੇ ਇਸਦੇ ਪ੍ਰਭਾਵਾਂ ਬਾਰੇ ਜਾਣਕਾਰੀ ਇਕੱਠੀ ਕਰਨੀ, ਇਸਦੀ ਪੜਚੋਲ ਕਰਨੀ ਅਤੇ ਇਹ ਯਕੀਨੀ ਬਣਾਉਣਾ ਕਿ ਇਹ ਜਾਣਕਾਰੀ ਪਹੁੰਚ ਵਿੱਚ ਹੋਵੇ।

## ਯੂਰੀ ਮੁਟੀਗਰ (YURI MUTIGER) ਯਾਦਗਾਰੀ ਰਾਹਤ ਸੰਭਾਲ ਪ੍ਰੋਗਰਾਮ

ਯੂਰੀ ਨੂੰ ਜੁਲਾਈ 2000 ਵਿੱਚ ਇੱਕ ਮੋਟਰ ਗੱਡੀ ਦੇ ਹਾਦਸੇ ਦੇ ਸਿੱਟੇ ਵਜੋਂ ਇੱਕ ਗੰਭੀਰ ਸਿਰ ਦੀ ਸੱਟ ਲੱਗੀ ਸੀ। ਆਪਣੇ ਹਾਦਸੇ ਦੇ ਸਮੇਂ, ਉਹ ਇੱਕ ਜੋਸ਼ੀਲਾ 20 ਸਾਲਾਂ ਦਾ ਗੱਭਰੂ ਸੀ ਜਿਸਦੇ ਦੋਸਤਾਂ ਅਤੇ ਪਰਿਵਾਰ ਦਾ ਵਿਸ਼ਾਲ ਦਾਇਰਾ ਸੀ। ਆਪਣੀ ਦਿਮਾਗੀ ਸੱਟ ਦੇ ਤਬਾਹਕੁੰਨ ਪ੍ਰਭਾਵਾਂ ਦੇ ਨਾਲ ਦੋ-ਚਾਰ ਹੋਣ ਦੀ ਕੋਸ਼ਿਸ਼ ਕਰਦਿਆਂ, ਇੱਕ ਮੁਸ਼ਕਿਲ ਸੰਘਰਸ਼ ਦੇ ਬਾਅਦ ਮਈ 2003 ਵਿੱਚ ਯੂਰੀ ਚੱਲ ਵਸਿਆ।

ਅੱਜ B.I.A.P.H. ਦੇ ਰਾਹਤ ਸੰਭਾਲ ਪ੍ਰੋਗਰਾਮ ਨੂੰ ਯੂਰੀ ਮੁਟੀਗਰ ਯਾਦਗਾਰੀ ਰਾਹਤ ਸੰਭਾਲ ਫੰਡ ਰਾਹੀਂ ਫੰਡ ਸਹਾਇਤਾ ਮਿਲਦੀ ਹੈ। ਯੂਰੀ ਦੇ ਪਰਿਵਾਰ ਅਤੇ ਦੋਸਤਾਂ ਨੇ ਪ੍ਰਾਪਤ ਕੀਤੀ ਦਿਮਾਗੀ ਸੱਟ (ABI) ਵਾਲੇ ਲੋਕਾਂ ਵਾਸਤੇ ਭਾਈਚਾਰੇ ਵਿੱਚ ਲੋੜ ਮਹਿਸੂਸ ਕੀਤੀ ਅਤੇ ਸਾਲਾਨਾ ਗੋਲਫ4ਯੂਰੀ ਟੂਰਨਾਮੈਂਟ ਰਾਹੀਂ ਸ਼ੁਰੂਆਤੀ ਫੰਡ ਆਉਣ ਦੇ ਨਾਲ, ਉਹਨਾਂ ਨੇ ਫਰਕ ਲੈ ਆਂਦਾ। ਇਸ ਸਮੇਂ ਪ੍ਰੋਗਰਾਮ ਉਹਨਾਂ ਪਰਿਵਾਰਾਂ ਲਈ ਸੇਵਾਵਾਂ ਲੈਕੇ ਆਉਂਦਾ ਹੈ ਜੋ ABI ਵਾਲੇ ਵਿਅਕਤੀ ਵਿਸ਼ੇਸ਼ਾਂ ਨੂੰ ਮੁੱਖ ਸੰਭਾਲ ਦੇਣ ਵਾਲੇ ਹਨ। ਪਰਿਵਾਰ, ਸੀਮਤ ਰਾਹਤ ਸੰਭਾਲ ਦੇ ਕੁਝ ਘੰਟਿਆਂ ਵਾਸਤੇ ਅਰਜੀ ਦੇਣ ਦੇ ਯੋਗ ਹੁੰਦੇ ਜਿਸ ਵਾਸਤੇ ਸਹਾਇਤਾ ਇਸ ਫੰਡ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ।

## ਪ੍ਰੋਗਰਾਮ ਕਿਸ ਚੀਜ਼ ਦੀ ਪੇਸ਼ਕਸ਼ ਕਰਦਾ ਹੈ

ਬਰੇਨ ਇਨਜੁਰੀ ਐਸੋਸੀਏਸ਼ਨ ਆਫ਼ ਪੀਲ ਐਂਡ ਹਾਲਟਨ ਵੱਲੋਂ ਪੇਸ਼ਕਸ਼ ਕੀਤਾ ਜਾਂਦਾ ਰਾਹਤ ਸੰਭਾਲ ਪ੍ਰੋਗਰਾਮ (the Respite Care Program), ਪ੍ਰਾਪਤ ਕੀਤੀ ਦਿਮਾਗੀ ਸੱਟ ਵਾਲੇ ਵਿਅਕਤੀ ਵਿਸ਼ੇਸ਼ਾਂ ਨੂੰ ਮੁੱਖ ਸੰਭਾਲ ਦੇਣ ਵਾਲਿਆਂ ਨੂੰ ਰਾਹਤ ਪ੍ਰਦਾਨ ਕਰਾਉਣ 'ਤੇ ਧਿਆਨ ਕੇਂਦਰਤ ਕਰਦਾ ਹੈ। ਇਸ ਤਰੀਕੇ ਨਾਲ, ਅਸੀਂ ਵਖਰੇਵੇਂ ਭਰੀਆਂ ਸਮਾਂ – ਮਿਆਦਾਂ ਵਾਸਤੇ ਕਈ ਸਾਰੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਾਂ।

ਛੋਟੀ ਜਾਂ ਲੰਬੀ ਮਿਆਦ ਵਾਸਤੇ ਪੇਸ਼ਕਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਸੇਵਾ-ਸੰਭਾਲ ਕਰਨੀ
- ਭਾਈਚਾਰਾ ਸਹਾਇਤਾ ਕਾਰਕੁੰਨ
- ਘਰ ਵਿੱਚ ਸੰਭਾਲ
- ਸਿਹਤ ਸੰਭਾਲ ਸਹਾਇਤਾ

## ਪ੍ਰੋਗਰਾਮ ਵਾਸਤੇ ਕਸੌਟੀ

B.I.A.P.H. ਤੋਂ ਰਾਹਤ ਸੰਭਾਲ ਪ੍ਰਾਪਤ ਕਰ ਰਹੇ ਵਿਅਕਤੀ:

- ਕਿਸੇ ਪ੍ਰਾਪਤ ਕੀਤੀ ਦਿਮਾਗੀ ਸੱਟ ਵਾਲੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੁੰਦੇ ਹਨ,
- ਲਗਾਤਾਰ ਸੰਭਾਲ ਪ੍ਰਦਾਨ ਕਰ ਰਹੇ ਹੁੰਦੇ ਹਨ, ਜਾਂ
- ਪ੍ਰਾਪਤ ਕੀਤੀ ਦਿਮਾਗੀ ਸੱਟ ਵਾਲੇ ਆਪਣੇ ਕਿਸੇ ਪਿਆਰੇ ਦੇ ਨਾਜ਼ੁਕ ਸੰਭਾਲ ਪੜਾਵਾਂ ਦਾ ਤਜਰਬਾ ਹੰਢਾ ਰਹੇ ਹੁੰਦੇ ਹਨ।

*ਅਰਜੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ BIAPH ਦੇ ਨਾਲ ਸੰਪਰਕ ਕਰੋ।*

## CSN ਦੀ ਦੂਹਰੀ ਮੈਂਬਰੀ

ਓਨਟਾਰੀਓ ਬਰੇਨ ਇਨਜੁਰੀ ਐਸੋਸੀਏਸ਼ਨ (OBIA) ਅਤੇ ਭਾਗ ਲੈਣ ਵਾਲੀਆਂ ਭਾਈਚਾਰੇ ਦੀਆਂ ਹੋਰ ਦਿਮਾਗੀ ਸੱਟ ਨਾਲ ਸਬੰਧਿਤ ਸੰਸਥਾਵਾਂ, ਜਿਨ੍ਹਾਂ ਵਿੱਚ B.I.A.P.H. ਵੀ ਸ਼ਾਮਲ ਹੈ, ਨੇ ਆਪਣੀਆਂ ਸੰਸਥਾਵਾਂ ਨੂੰ ਰਸਮੀ ਤੌਰ 'ਤੇ ਜੋੜਕੇ ਇੱਕ ਵੱਡਾ ਨੈੱਟਵਰਕ ਬਣਾ ਦਿੱਤਾ ਹੈ ਜਿਸਦਾ ਨਾਮ ਹੈ:

## ਕਮਿਊਨਿਟੀ ਸਪੋਰਟ ਨੈੱਟਵਰਕ (CSN)

ਇਹ ਬੰਦੋਬਸਤ, ਪ੍ਰਾਪਤ ਕੀਤੀ ਦਿਮਾਗੀ ਸੱਟ (ABI) ਨਾਲ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਇੱਕ ਮਜ਼ਬੂਤ ਆਵਾਜ਼ ਪ੍ਰਦਾਨ ਕਰਾਉਣ ਦੇ ਨਾਲ ਨਾਲ ਸਹਾਇਤਾਕਾਰੀ ਪ੍ਰਾਂਤ ਵਿਆਪੀ ਪ੍ਰੋਗਰਾਮਾਂ ਦਾ ਵਿਕਾਸ ਅਤੇ ਉਤਪਾਦਨ ਕਰੇਗਾ।

## ਇੱਕ ਛੋਟੀ ਜਿਹੀ ਫੀਸ ਦੇਕੇ ਦੋਨੋ ਸੰਸਥਾਵਾਂ ਦੇ ਮੈਂਬਰ ਬਣ ਜਾਓ!

- OBIA ਅਤੇ B.I.A.P.H. ਦੀ ਮੈਂਬਰੀ, ਵਿਅਕਤੀ ਵਿਸ਼ੇਸ਼ਾਂ ਨੂੰ B.I.A.P.H. ਅਤੇ OBIA ਦੀ ਸਾਲਾਨਾ ਆਮ ਬੈਠਕ ਵਿੱਚ ਇੱਕ ਵੋਟ ਦਾ ਹੱਕ ਦੇਵੇਗੀ। ਪਰਿਵਾਰਕ ਮੈਂਬਰਾਂ ਨੂੰ ਦੋਨਾਂ ਬੈਠਕਾਂ ਵਿੱਚ ਦੋ ਤੋਂ ਵੱਧ ਵੋਟਾਂ ਦਾ ਹੱਕ ਨਹੀਂ ਹੋਵੇਗਾ।
- ਭਾਈਚਾਰਾ ਸਹਾਇਤਾ ਨੈੱਟਵਰਕ/ਰੀਸਿਊ ਡੀ ਸਾਊਟੀਨ ਕਮਿਊਨੇਟਰੀ ਵਿੱਚ ਮੈਂਬਰੀ (CSN/RSC) ਉਹਨਾਂ ਵਿਅਕਤੀ ਵਿਸ਼ੇਸ਼ਾਂ ਅਤੇ ਪਰਿਵਾਰਾਂ ਵਾਸਤੇ ਉਪਲਬਧ ਹੈ ਜੋ ਭਾਈਚਾਰਕ ਸੰਸਥਾਵਾਂ ਅਤੇ OBIA ਦੇ ਨਿਸ਼ਾਨਿਆਂ ਅਤੇ ਟੀਚਿਆਂ ਦਾ ਸਮਰਥਨ ਕਰਦੇ ਹਨ। ਆਨਲਾਈਨ ABI ਡਾਇਰੈਕਟਰੀ ਆਫ਼ ਸਰਵਿਸਜ ਵਿੱਚ ਸੂਚੀਬੱਧ ਹੋਣ ਜਾਂ ਮਸ਼ਹੂਰੀ ਕਰਨ ਦੁਆਰਾ, ਕਾਰਪੋਰੇਸ਼ਨਾਂ, ਸੰਸਥਾਵਾਂ, ਭਾਈਵਾਲੀਆਂ ਜਾਂ ਹੋਰ ਕਿਸਮਾਂ ਦੀਆਂ ਸੰਸਥਾਵਾਂ ਦਾ ਭਾਗ ਲੈਣ ਵਾਲੀਆਂ ਭਾਈਚਾਰਕ ਸੰਸਥਾਵਾਂ ਅਤੇ OBIA ਦੀ ਸਹਾਇਤਾ ਕਰਨ ਵਿੱਚ ਸਵਾਗਤ ਹੈ ਪਰ ਹੋ ਸਕਦਾ ਹੈ ਉਹ CSN/RSC ਦੀ ਮੈਂਬਰੀ ਨਾ ਰੱਖ ਸਕਣ।
- ਮੈਂਬਰਾਂ ਨੂੰ OBIA ਰੀਵਿਊ ਦੀ ਇੱਕ ਸਾਲ ਲਈ ਮੈਂਬਰੀ ਮਿਲੇਗੀ।
- ਮੈਂਬਰਾਂ ਨੂੰ B.I.A.P.H. ਅਤੇ ਸਾਡੇ ਮਾਸਿਕ ਸਹਾਇਤਾ ਗਰੁੱਪਾਂ ਵੱਲੋਂ ਆਯੋਜਿਤ ਕੀਤੇ ਜਾਂਦੇ ਸਾਰੇ ਸਮਾਗਮਾਂ ਤੋਂ ਸੂਚਿਤ ਕੀਤਾ ਜਾਵੇਗਾ।
- ਮੈਂਬਰ, ABI ਨਾਲ ਰਹਿ ਰਹੇ ਲੋਕਾਂ ਵਾਸਤੇ ਪੀਅਰ ਸਪੋਰਟ ਮੈਂਟਰਿੰਗ ਪ੍ਰੋਗਰਾਮ ਵਿੱਚ ਭਾਗ ਲੈ ਸਕਦੇ ਹਨ।
- ਮੈਂਬਰਾਂ ਦੀ OBIA ਦੀ ਸਰੋਤ ਲਾਇਬਰੇਰੀ ਤੱਕ ਸੁਤੰਤਰ ਪਹੁੰਚ ਹੋਵੇਗੀ ਅਤੇ ਉਹ OBIA ਦੇ ਜ਼ਿਆਦਾਤਰ ਸਿਖਲਾਈ ਪ੍ਰੋਗਰਾਮਾਂ ਵਾਸਤੇ $25.00 ਦੀ ਛੋਟ ਵਾਸਤੇ ਯੋਗ ਹੋਣਗੇ।

## CSN ਦੀ ਦੂਹਰੀ ਮੈਂਬਰੀ ਦੀਆਂ ਫੀਸਾਂ:

| | |
|---|---|
| ਵਿਅਕਤੀ ਵਿਸ਼ੇਸ਼ | $30.00 |
| ਪਰਿਵਾਰ | $50.00 |
| *(ਇੱਕੋ ਪਤੇ 'ਤੇ ਰਹਿ ਰਹੇ 2 ਜਾਂ ਵਧੇਰੇ ਲੋਕ)* ਛੋਟ ਪ੍ਰਾਪਤ *(ਜਿੱਥੇ ਲਾਗੂ ਹੁੰਦਾ ਹੋਵੇ)* | $5.00 |

*ਮੈਂਬਰੀ ਦੀਆਂ ਸਾਰੀਆਂ ਫੀਸਾਂ ਨੂੰ OBIA ਅਤੇ B.I.A.P.H. ਵਿੱਚ ਬਰਾਬਰ ਵੰਡਿਆ ਜਾਂਦਾ ਹੈ*

## B.I.A.P.H. ਦੀ ਸਹਾਇਤਾ ਕਰਨ ਵਾਸਤੇ ਮੈਂਬਰੀ ਹੀ ਇੱਕੋ ਇੱਕ ਰਸਤਾ ਨਹੀਂ ਹੈ

***ਨਿੱਜੀ ਦਾਨ ਫਾਰਮ***

*ਕਿਰਪਾ ਕਰਕੇ ਬਰੇਨ ਇਨਜੁਰੀ ਐਸੋਸੀਏਸ਼ਨ ਆਫ਼ ਪੀਲ ਐਂਡ ਹਾਲਟਨ (B.I.A.P.H.) ਵਾਸਤੇ ਮੇਰੀ ਸਹਾਇਤਾ ਨੂੰ ਸਵੀਕਾਰ ਕਰੋ।*

*ਹੇਠਾਂ ਦੱਸੀ ਰਕਮ ਵਾਸਤੇ ਮੇਰਾ/ਸਾਡਾ ਦਾਨ ਨੱਥੀ ਕੀਤਾ ਗਿਆ ਹੈ:*

_______ **$500.00** _______ **$100.00**

_______ **$75.00** _______ **$50.00**

**ਜਾਂ ਕੋਈ ਹੋਰ ਰਕਮ $**_______

ਕਿਰਪਾ ਕਰਕੇ ਚੈੱਕ B.I.A.P.H. ਨੂੰ ਉਪਲਬਧ ਕਰਾਓ ਜਾਂ ਇਹਨਾਂ ਦੀ ਵਰਤੋਂ ਕਰਕੇ ਅਦਾਇਗੀ ਕਰੋ:

_______ਵੀਜ਼ਾ;____ਮਾਸਟਰਕਾਰਡ;_____ਅਮੈਕਸ

**ਕਾਰਡ ਨੰਬਰ:**

______________________________

**ਮਿਆਦ ਖਤਮ ਹੋਣ ਦੀ ਤਾਰੀਖ਼:**_______/___ਮਹੀਨਾ/ਸਾਲ)

**ਨਾਮ:**______________________

**ਪਤਾ:**______________________

**ਸ਼ਹਿਰ:**______________________

**ਪੋਸਟਲ ਕੋਡ:**______________________

**ਈਮੇਲ:**______________________

*ਕਿਰਪਾ ਕਰਕੇ ਇਸ ਦਾਨ ਫਾਰਮ ਨੂੰ (ਅਤੇ ਚੈੱਕ ਜੇਕਰ ਲਾਗੂ ਹੁੰਦਾ ਹੋਵੇ) ਇਸ ਪਤੇ 'ਤੇ ਭੇਜੋ:*

Brain Injury Association of Peel and Halton,
2155 Leanne Blvd., Ste#240,
Mississauga, ON L5K 2K8